# ਦਫ਼ਤਰ ਡਾਇਰੈਕਟਰ ਰਾਜ ਸਿੱਖਿਆ ਖੋਜ਼ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ

**ਬਲਾਕ-ਈ, 6ਵੀਂ ਮੰਜ਼ਿਲ, ਪੰਜਾਬ ਸਕੂਲ ਸਿੱਖਿਆ ਬੋਰਡ, ਫੇਜ਼-8, ਐਸ.ਏ.ਐਸ ਨਗਰ (ਮੁਹਾਲੀ)**

ਫੋਨ ਨੰ: 0172-2212221, ਫੈਕਸ ਨੰ: 0172-2212793


ਵੱਲ,

1) ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.), ਪੰਜਾਬ।
2) ਸਮੂਹ ਜਿਲ੍ਹਾ ਸਿੱਖਿਆ ਅਸਫਰ (ਐ.ਸਿ.) ਪੰਜਾਬੀ।

ਮੀਮੋ ਨੰ: ਸ.ਸ.ਸ./2018/ 7141 ਮਿਤੀ:16-04-2018

ਵਿਸ਼ਾ:- **ਸਮੂਹ ਸਕੂਲ ਮੁਖੀਆਂ (ਮਿਡਲ/ਹਾਈ/ਸੀਨੀ. ਸੈਕੰਡਰੀ) ਦੀ ਐਜੂਸੈਟ ਰਾਹੀਂ ਮੀਟਿੰਗ ਕਰਵਾਉਣ ਸਬੰਧੀ।**

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ।

2.0 ਮਾਨਯੋਗ ਸਕੱਤਰ, ਸਕੂਲ ਸਿੱਖਿਆ ਪੰਜਾਬ ਜੀ ਵੱਲੋਂ ਮਿਤੀ 18.04.2018 ਨੂੰ ਬਾਅਦ ਦੁਪਹਿਰ 2:00 ਵਜੇ ਤੋਂ ਐਜੂਸੈਟ ਰਾਹੀਂ ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ./ਐ.ਸਿ.), ਸਮੂਹ ਸਕੂਲ ਮੁਖੀਆਂ (ਮਿਡਲ/ਹਾਈ/ਸੀਨੀ.ਸੈਕੰ.) ਦੀ ਮੀਟਿੰਗ (ਸੰਬੋਧਨ) ਕੀਤੀ ਜਾਣੀ ਹੈ।

3.0 ਮੀਟਿੰਗ ਦੇ ਅਜੰਡੇ:-

(i) ਸਕੂਲਾਂ ਵਿੱਚ ਕਿਤਾਬਾਂ ਦੀ ਵਿਦਿਆਰਥੀਆਂ ਤੱਕ ਪਹੁੰਚ (ii) ਸਾਲ ਦੌਰਾਨ ਕੀਤੇ ਜਾਣ ਵਾਲੇ ਕੰਮ ਦੀ ਵਿਸਥਾਰਤ ਪਲਾਨਿੰਗ (iii) ਸਕੂਲ ਦੇ ਵੱਖ ਵੱਖ ਵਿਦਿਅਕ ਕੰਮਾਂ ਦੀ ਵੰਡ (iv) ਟਾਇਮ ਟੇਬਲ ਸਬੰਧੀ (v) ਪੜ੍ਹੋ ਪੰਜਾਬ ਪੜ੍ਹਾਓ ਪੰਜਾਬ ਦੀਆਂ ਟ੍ਰੇਨਿੰਗਾਂ ਸਬੰਧੀ (vi) ਪਿਛਲੇ ਸਮੇਂ ਦੌਰਾਨ ਜਾਰੀ ਕੀਤੇ ਵੱਖ ਵੱਖ ਪੱਤਰਾਂ ਨੂੰ ਲਾਗੂ ਕਰਨ ਸਬੰਧੀ।

4.0 ਆਪ ਨੂੰ ਲਿਖਿਆ ਜਾਂਦਾ ਹੈ ਕਿ ਆਪ ਅਧੀਨ ਆਉਂਦੇ ਸਮੂਹ ਸਕੂਲ ਮੁਖੀਆਂ (ਮਿਡਲ/ਹਾਈ/ਸੀਨੀ.ਸੈਕੰ.) ਨੂੰ ਹਦਾਇਤ ਕੀਤੀ ਜਾਵੇ ਕਿ ਉਹ ਇਸ ਮੀਟਿੰਗ ਵਿੱਚ ਸਕੂਲ ਦੇ ਐਜੂਸੈਟ ਰਾਹੀਂ ਭਾਗ ਲੈਣਾ ਯਕੀਨੀ ਬਣਾਉਣ।

5.0 ਸਮੂਹ ਸਰਕਾਰੀ ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਆਰ.ਓ.ਟੀ. ਚਾਲੂ ਹਾਲਤ ਵਿੱਚ ਰੱਖੀਆਂ ਜਾਣ, ਜੇਕਰ ਕਿਸੇ ਕਾਰਨ ਕਰਕੇ ਸਕੂਲ ਦੀ ਆਰ.ਓ.ਟੀ. ਚਾਲੂ ਹਾਲਤ ਵਿੱਚ ਨਹੀਂ ਹੈ ਤਾਂ ਅਜਿਹੇ ਸਕੂਲ ਮੁੱਖੀ ਆਪਣੇ ਨੇੜਲੇ ਸਕੂਲ ਦੇ ਐਜੂਸੈਟ ਰਾਹੀਂ ਇਹ ਮੀਟਿੰਗ ਅਟੈਂਡ ਕਰਨਗੇ।

6.0 ਮੀਟਿੰਗ ਤੋਂ ਬਾਅਦ ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਇਹ ਸੂਚਨਾ ਭੇਜਣਾ ਯਕੀਨੀ ਬਣਾਉਣਗੇ ਕਿ ਕਿੰਨੇ ਸਕੂਲ ਮੁਖੀਆਂ ਨੇ ਇਹ ਮੀਟਿੰਗ ਅਟੈਂਡ ਕੀਤੀ।

**ਡਾਇਰੈਕਟਰ,**
**ਐਸ.ਸੀ.ਈ.ਆਰ.ਟੀ.**

ਪਿੱਠ ਅੰਕਣ ਨੰ: ਉਕਤ ਮਿਤੀ: 16-4-18

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਪੀ.ਏ. ਟੂ ਮਾਨਯੋਗ ਸਕੱਤਰ, ਸਕੂਲ ਸਿੱਖਿਆ, ਪੰਜਾਬ।
2. ਡਿਪਟੀ ਐਸ.ਪੀ.ਡੀ. (ਐਜੂਸੈਟ)।
3. ਸਮੂਹ ਸਕੂਲ ਮੁਖੀ (ਮਿਡਲ/ਹਾਈ/ਸੀਨੀ.ਸੈਕੰ.) ਪੰਜਾਬ।

**ਡਾਇਰੈਕਟਰ,**
**ਐਸ.ਸੀ.ਈ.ਆਰ.ਟੀ.**